( ਪੜ੍ਹੇ ਪੰਜਾਬ, ਪੜ੍ਹਾਓ ਪੰਜਾਬ )

ਜਮਾਤ ਦਸਵੀਂ ਵਿਸ਼ਾ ਪੰਜਾਬੀ ਪਰਚਾ ਪੰਜਾਬੀ ਬੀ

Assignment (1)

1 .ਬੋਲੀ ਕੀ ਹੁੰਦੀ ਹੈ ?ਇਸ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

2.ਉਪ ਭਾਸ਼ਾ ਦੀ ਪਰਿਭਾਸ਼ਾ ਦਿਓ ?

3. ਪੰਜਾਬੀ ਭਾਸ਼ਾ ਦੀਆਂ ਕਿੰਨੀਆਂ ਉਪ ਬੋਲੀਆਂ ਹਨ ?

4.ਮੁੱਖ ਉਪ ਬੋਲੀਆਂ ਦੀ ਉਦਾਹਰਨ ਦੇ ਕੇ ਵਿਸਥਾਰ ਨਾਲ ਲਿਖੋ ?

5.ਭਾਰਤ ਵਿੱਚ ਕਿੰਨੀਆਂ ਭਾਸ਼ਾਵਾਂ ਨੂੰ ਮਾਨਤਾ ਪ੍ਰਾਪਤ ਹੈ ?

6.ਰਾਸ਼ਟਰੀ ਭਾਸ਼ਾ ,ਅੰਤਰਰਾਸ਼ਟਰੀ ਭਾਸ਼ਾ ਅਤੇ ਮਾਂ ਬੋਲੀ ਕਿਸ ਨੂੰ ਕਹਿੰਦੇ ਹਨ ?

(ਪੜ੍ਹੋ ਪੰਜਾਬ ,ਪੜ੍ਹਾਓ ਪੰਜਾਬ )

ਜਮਾਤ ਦਸਵੀਂ

ਪੰਜਾਬੀ ਬੀ

Assignment .2

1.ਅਜਿਹੇ ਸ਼ਬਦ ਲਿਖੋ ਜਿਨ੍ਹਾਂ ਦਾ ਵਿਰੋਧੀ ਲਿੰਗ ਨਹੀਂ ਹੁੰਦਾ ?

2.ਦੋ ਅਜਿਹੇ ਸ਼ਬਦ ਲਿਖੋ ਜਿਹੜੇ ਦੋਹਾਂ ਲਿੰਗਾਂ ਵਿੱਚ ਹੀ ਵਰਤੇ ਜਾਂਦੇ ਹੋਣ ?

3.ਨਰ ਭਾਵ ਵਾਲੇ ਸ਼ਬਦ ਦਾ ਲਿੰਗ ਕੀ ਹੁੰਦਾ ਹੈ ?

4.ਲਿੰਗ ਅਨੁਸਾਰ ਪੰਜਾਬੀ ਸ਼ਬਦਾਂ ਦੇ ਕਿੰਨੇ ਭੇਦ ਹੁੰਦੇ ਹਨ ?

5.ਮਾਦਾ ਭਾਵ ਵਾਲੇ ਸ਼ਬਦਾਂ ਦਾ ਲਿੰਗ ਕੀ ਹੁੰਦਾ ਹੈ ?

6.ਨਰ ਮਾਦਾ ਭਾਵਾਂ ਅਨੁਸਾਰ ਸ਼ਬਦਾਂ ਦੀ ਵੰਡ ਨੂੰ ਕੀ ਕਹਿੰਦੇ ਹਨ?

7.ਘੋੜਾ ਸ਼ਬਦ ਦਾ ਇਸਤਰੀ  ਲਿੰਗ ਕੀ ਹੁੰਦਾ ਹੈ ?

ਪੇਪਰ ਪੰਜਾਬੀ-ਬੀ, ਦੁਹਰਾਈ ਸ਼ੀਟ-6
ਜਮਾਤ-ਦਸਵੀਂ
ਮਿਤੀ-30.03.2020

## ਵਿਆਕਰਨ

01.ਵਿਆਕਰਨ ਕਿਸ ਨੂੰ ਕਹਿੰਦੇ ਹਨ?

**ਉੱਤਰ:-** ਕਿਸੇ ਵੀ ਭਾਸ਼ਾ ਦੇ ਵਰਤਾਰੇ ਪਿੱਛੇ ਕੰਮ ਕਰਦੇ **ਨਿਯਮਾਂ ਦੇ ਸਮੂਹ** ਨੂੰ **ਵਿਆਕਰਨ** ਕਿਹਾ ਜਾਂਦਾ ਹੈ। ਇਸ ਪ੍ਰਕਾਰ ਵਿਆਕਰਨ ਉਹ ਵਿੱਦਿਆ ਹੈ ਜਿਸ ਵਿੱਚ ਭਾਸ਼ਾ ਦੇ ਨਿਯਮਾਂ ਨੂੰ ਜਾਣਿਆ ਤੇ ਸਮਝਿਆ ਜਾਂਦਾ ਹੈ।

2. ਵਿਆਕਰਨ ਦੇ ਨਿਯਮਾਂ ਵਿੱਚ ਤਬਦੀਲੀ ਕਿਉਂ ਕਰਨੀ ਪੈਂਦੀ ਹੈ?

**ਉੱਤਰ:- ਸਮੇਂ ਦੀ ਚਾਲ ਨਾ.ਲ ਭਾਸ਼ਾ ਬਦਲਦੀ ਰਹਿੰਦੀ ਹੈ ਅਤੇ ਭਾਸ਼ਾ ਦੇ ਨਿਯਮ ਵੀ ਬਦਲਦੇ ਹਨ**। ਇਸ ਕਰਕੇ ਸਮੇਂ-ਸਮੇਂ ਵਿਆਕਰਨ ਦੇ ਨਿਯਮਾਂ ਵਿੱਚ ਤਬਦੀਲੀ ਕਰਨੀ ਪੈਂਦੀ ਹੈ।

3.ਵਿਆਕਰਨ ਦੀ ਪੜ੍ਹਾਈ ਪੜ੍ਹਨੀ ਕਿਉਂ ਜ਼ਰੂਰੀ ਹੈ?

**ਉੱਤਰ:-** ਕਿਸੇ ਵੀ ਭਾਸ਼ਾ ਦੇ **ਸ਼ੁੱਧ ਅਤੇ ਮਿਆਰੀ ਸਰੂਪ ਨੂੰ ਸਮਝਣ ਲਈ** ਵਿਆਕਰਨ ਦੀ ਪੜ੍ਹਾਈ ਪੜ੍ਹਨੀ ਜ਼ਰੂਰੀ ਹੈ। ਇਸ ਤੋਂ ਇਲਾਵਾ ਹੋਰ **ਰਾਸ਼ਟਰੀ ਅਤੇ ਅੰਤਰਰਾਸ਼ਟਰੀ ਭਾਸ਼ਾਵਾਂ ਸਿੱਖਣ** ਲਈ ਤਾਂ ਵਿਆਕਰਨ ਦੀ ਪੜ੍ਹਾਈ ਪੜ੍ਹਨੀ ਹੋਰ ਵੀ ਜ਼ਰੂਰੀ ਹੈ।

4. ਬੋਲ-ਚਾਲ ਦੀ ਭਾਸ਼ਾ ਵਿੱਚ ਵਿਆਕਰਨਿਕ ਨਿਯਮਾਂ ਤੋਂ ਲਈ ਜਾਂਦੀ ਖੁੱਲ੍ਹ ਨੂੰ ਕਿਵੇਂ ਪੂਰਾ ਕੀਤਾ ਜਾਂਦਾ ਹੈ?

**ਉੱਤਰ:-** ਬੋਲ-ਚਾਲ ਸਮੇਂ ਬੋਲਣ ਵਾਲ਼ਾ ਆਮ ਤੌਰ 'ਤੇ ਆਪਣੇ ਸਰੋਤੇ ਦੇ ਸਨਮੁਖ ਹੁੰਦਾ ਹੈ ਇਸ ਲਈ ਉਹ ਵਿਆਕਰਨਿਕ ਨਿਯਮਾਂ ਤੋਂ ਲਈ ਜਾਂਦੀ ਖੁਲ੍ਹ ਨੂੰ **ਗੱਲ ਦੁਹਰਾ ਕੇ, ਚਿਹਰੇ ਦੇ ਪ੍ਰਭਾਵਾਂ ਜਾਂ ਇਸ਼ਾਰਿਆਂ ਦੀ ਸਹਾਇਤਾ ਨਾ.ਲ** ਪੂਰਾ ਕਰ ਲੈਂਦਾ ਹੈ।

5. ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ?

**ਉੱਤਰ:-** ਵਿਆਕਰਨ ਦੇ ਹੇਠ ਲਿਖੇ ਚਾਰ ਅੰਗ ਹਨ:

| | |
|---|---|
| ਧੁਨੀਆਂ ਦਾ ਅਧਿਐਨ: | **ਧੁਨੀ-ਬੋਧ** |
| ਸ਼ਬਦਾਂ ਦਾ ਅਧਿਐਨ- | **ਸ਼ਬਦ-ਬੋਧ** |
| ਵਾਕਾਂ ਦਾ ਅਧਿਐਨ- | **ਵਾਕ-ਬੋਧ** |
| ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਦਾ ਅਧਿਐਨ: | **ਅਰਥ-ਬੋਧ** |

ਰੰਗ ਹਰਜਿੰਦਰ ਸਿੰਘ
ਸਟੇਟ ਰਿਸੋਰਸ ਪਰਸਨ, ਪੰਜਾਬੀ
9501400377

ਪੇਪਰ ਪੰਜਾਬੀ-ਬੀ, ਦੁਹਰਾਈ ਸ਼ੀਟ-7

ਜਮਾਤ-ਦਸਵੀਂ

ਮਿਤੀ-31.03.2020

## ਧੁਨੀ-ਬੋਧ

1. ਧੁਨੀ ਕਿਸਨੂੰ ਆਖਦੇ ਹਨ?

ਉੱਤਰ- ਧੁਨੀ ਤੋਂ ਭਾਵ ਹੈ-**ਅਵਾਜ਼**। ਬੋਲਣ ਸਮੇਂ ਮਨੁੱਖ ਦੇ ਮੂੰਹ ਵਿੱਚੋਂ ਜਿਹੜੀਆਂ **ਸਾਰਥਕ ਅਵਾਜ਼ਾਂ** ਬਾਹਰ ਨਿਕਲਦੀਆਂ ਹਨ, ਵਿਆਕਰਨ ਵਿੱਚ ਉਹਨਾਂ ਨੂੰ **ਧੁਨੀਆਂ** ਕਿਹਾ ਜਾਂਦਾ ਹੈ।

2. ਪੰਜਾਬੀ ਭਾਸ਼ਾ ਦੀਆਂ ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹਨ?

ਉੱਤਰ- ਪੰਜਾਬੀ ਭਾਸ਼ਾ ਦੀਆਂ ਧੁਨੀਆਂ **ਦੋ** ਪ੍ਰਕਾਰ ਦੀਆਂ ਹਨ।

ੳ. **ਸ੍ਵਰ ਧੁਨੀਆਂ** ਅ. **ਵਿਅੰਜਨ ਧੁਨੀਆਂ**

3.ਪੰਜਾਬੀ ਭਾਸ਼ਾ ਦੀਆਂ ਸ੍ਵਰ ਧੁਨੀਆਂ ਕਿਹੜੀਆਂ ਹਨ?

ਉੱਤਰ- ਜਿਹਨਾਂ ਧੁਨੀਆਂ ਨੂੰ ਉਚਾਰਨ ਸਮੇਂ ਹਵਾ **ਮੂੰਹ ਵਿੱਚੋਂ ਬੇਰੋਕ ਬਾਹਰ ਨਿਕਲ਼ਦੀ** ਹੈ, ਉਹਨਾਂ ਧੁਨੀਆਂ ਨੂੰ **ਸ੍ਵਰ ਧੁਨੀਆਂ** ਕਿਹਾ ਜਾਂਦਾ ਹੈ।ਸ੍ਵਰ ਧੁਨੀਆਂ **ਦੋ** ਪ੍ਰਕਾਰ ਦੀਆਂ ਹੁੰਦੀਆਂ ਹਨ।

ੳ. **ਹ੍ਰਸਵ/ਲਘੂ ਸ੍ਵਰ** ਅ. **ਦੀਰਘ/ਗੁਰੂ ਸ੍ਵਰ**

4. ਪੰਜਾਬੀ ਦੀਆਂ ਵਿਅੰਜਨ ਧੁਨੀਆਂ ਕਿਹੜੀਆਂ ਹਨ?

ਉੱਤਰ- ਜਿਹਨਾਂ ਧੁਨੀਆਂ ਨੂੰ ਉਚਾਰਨ ਸਮੇਂ ਹਵਾ ਮੂੰਹ ਵਿੱਚੋਂ ਨਿਕਲ਼ਦੇ ਸਮੇਂ ਕਿਸੇ ਨਾ ਕਿਸੇ **ਉਚਾਰਨ ਅੰਗ ਨਾ਼ਲ ਟਕਰਾ ਕੇ** ਬਾਹਰ ਨਿਕਲ਼ਦੀ ਹੈ, ਉਹਨਾਂ ਧੁਨੀਆਂ ਨੂੰ **ਵਿਅੰਜਨ ਧੁਨੀਆਂ** ਕਿਹਾ ਜਾਂਦਾ ਹੈ।

ਵਿਅੰਜਨ ਅੱਖਰਾਂ ਦੀ ਗਿਣਤੀ **ਅਠੱਤੀ** ਹੈ- **ਸ ਤੋਂ ਲ਼ ਤੱਕ**

5. ਪੰਜਾਬੀ ਵਿੱਚ **ਤਾਲਵੀ ਵਿਅੰਜਨ** ਕਿਹੜੇ-ਕਿਹੜੇ ਹਨ?

ਉੱਤਰ- **ਚ ਛ ਜ ਞ ਸ਼ ਯ**

6. ਪੰਜਾਬੀ ਦੇ ਨਾਸਕੀ ਵਿਅੰਜਨ ਕਿਹੜੇ ਹਨ?

ਉੱਤਰ- **ਨਾਸਕੀ ਵਿਅੰਜਨ** ਉਹ ਧੁਨੀਆਂ ਹਨ ਜਿਹਨਾਂ ਨੂੰ ਉਚਾਰਨ ਸਮੇਂ ਕੁਝ ਅਵਾਜ਼ **ਨੱਕ ਵਿੱਚੋਂ ਬਾਹਰ ਨਿਕਲ਼ਦੀ** ਹੈ।ਪੰਜਾਬੀ ਵਿੱਚ **ਪੰਜ** ਨਾਸਕੀ ਵਿਅੰਜਨ ਹਨ- **ਙ ਞ ਨ ਣ ਮ**

7. ਅਜੋਕੀ ਪੰਜਾਬੀ ਵਿੱਚ ਕਿਹੜੀਆਂ ਧੁਨੀਆਂ ਨਾ਼ਲ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ?

ਉੱਤਰ- **ਙ ਞ ਣ ੜ ਲ਼**

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377

# ਪੜ੍ਹੋ ਪੰਜਾਬ ਪੜ੍ਹਾਓ ਪੰਜਾਬ

## ਪੇਪਰ "ਪੰਜਾਬੀ - ਬੀ " ਦੀ ਦੁਹਰਾਈ ਸਮੱਗਰੀ ਜਮਾਤ : ਦਸਵੀਂ

** ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ ।

ਸਮਾਂ ਇੱਕ ਮਹਾਨ ਖ਼ਜ਼ਾਨਾ ਹੈ। ਅਮਰੀਕਾ, ਜਪਾਨ ਵਿੱਚ ਮੀਂਹ ਹੋਵੇ, ਹਨੇਰੀ ਹੋਵੇ, ਠੰਢ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡਟ ਕੇ ਕੰਮ ਕਰਦਾ ਹੈ। ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖ਼ਾਨਿਆਂ ਵਿੱਚ ਵਿਸ਼ੇਸ਼ ਛੁੱਟੀਆਂ ਸਾਲ ਵਿੱਚ ਮਸਾਂ ਚਾਰ-ਪੰਜ ਹੁੰਦੀਆਂ ਹਨ। ਸਾਡੇ ਦੇਸ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿੰਨੇ ਥੋੜ੍ਹੇ ਘੰਟੇ ਕੰਮ, ਕਿੰਨਾ ਬੇਦਿਲਾ ਕੰਮ ਤੇ ਫੇਰ ਸਵੇਰੇ-ਸ਼ਾਮ ਧਾਰਮਿਕ ਸਥਾਨਾਂ ਵਿੱਚ ਸ਼ਰਧਾਲੂਆਂ ਦੇ ਇਕੱਠ, ਸਾਧੂਆਂ ਦੀ ਨਿੱਤ-ਫੇਰੀ, ਮਰਨੇ-ਜੰਮਣੇ ਤੇ ਵਿਆਹ ਆਦਿ। ਕਿਸੇ ਹੋਰ ਹੋਰ ਦੇਸ ਵਿੱਚ ਇਹਨਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ। ਲਾਊਡ ਸਪੀਕਰਾਂ ਉੱਤੇ ਦਿਨ-ਰਾਤ ਧਰਮ ਦੀ ਥਾਂ ਵਹਿਮ-ਭਰਮ ਜ਼ਿਆਦਾ ਪ੍ਰਚਾਰੇ ਜਾਂਦੇ ਹਨ। ਹੋਰਨਾਂ ਦੇਸਾਂ ਵਿੱਚ ਭਾਵੇਂ ਕਿੰਨੀ ਵੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤੱਕ ਡਟ ਕੇ ਕੰਮ ਕੀਤਾ ਜਾਂਦਾ ਹੈ। ਕੰਮ ਦੇ ਸਮੇਂ ਵਿਚਕਾਰ ਇੱਕ ਘੰਟਾ ਖਾਣਾ ਖਾ ਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਕੀਤੀ ਜਾਂਦੀ ਹੈ। ਇਸ ਕਾਰਨ ਕਿਹਾ ਜਾ ਸਕਦਾ ਹੈ ਕਿ ਉੱਥੇ ਕੰਮ-ਸੱਭਿਆਚਾਰ ਪ੍ਰਫੁੱਲਿਤ ਹੋ ਚੁੱਕਾ ਹੈ। ਇਹੀ ਕਾਰਨ ਹੈ ਕਿ ਉਹਨਾਂ ਦੀ ਪੈਦਾਵਾਰ ਸਾਡੇ ਨਾਲ਼ੋਂ ਕਈ ਗੁਣਾ ਵਧੇਰੇ ਹੁੰਦੀ ਹੈ।

**********

# ਪੜ੍ਹੋ ਪੰਜਾਬ ਪੜ੍ਹਾਓ ਪੰਜਾਬ

**ਵਿਸ਼ਾ: ਪੰਜਾਬੀ** **ਜਮਾਤ: ਦਸਵੀਂ**

**ਪੰਜਾਬੀ-ਬੀ ਪੇਪਰ ਦੇਣ ਵਾਲੇ ਵਿਦਿਆਰਥੀਆਂ ਲਈ ਦੁਹਰਾਈ ਅਤੇ ਅਭਿਆਸ ਸਮੱਗਰੀ।**

**ਪ੍ਰਸ਼ਨ ਨੰਬਰ 1: ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਇਹਨਾਂ ਦਾ ਅਰਥ ਸਪੱਸ਼ਟ ਹੋ ਜਾਵੇ:-**

(i) ਉਸਤਾਦੀ ਕਰਨੀ

(ii) ਉਂਗਲ ਕਰਨਾ

(iii) ਉੱਚਾ ਸਾਹ ਨਾ ਕੱਢਣਾ

(iv) ਅੱਖਾਂ ਵਿੱਚ ਘੱਟਾ ਪਾਉਣਾ

(v) ਆਸਾਂ ਤੇ ਪਾਣੀ ਫਿਰ ਜਾਣਾ।

**ਪ੍ਰਸ਼ਨ ਨੰਬਰ 2: ਵਿਸ਼ਰਾਮ ਚਿੰਨ੍ਹ ਲਗਾਓ:-**

1 ਬਈ ਵਾਹ ਕਮਾਲ ਕਰ ਦਿੱਤਾ ਏ ਬਹਾਦਰ ਕੁੜੀ ਨੇ

2 ਤੁਸੀਂ ਫ਼ਿਕਰ ਨਾ ਕਰੋ ਬਾਪੂ ਜੀ ਮੈਂ ਪੜ੍ਹਾਈ ਦੇ ਨਾਲ ਖੇਤੀ ਦਾ ਕੰਮ ਵੀ ਕਰਾਂਗਾ

**ਪ੍ਰਸ਼ਨ ਨੰਬਰ 3: ਪ੍ਰਸ਼ਨਾਂ ਦਾ ਉੱਤਰ ਸੰਖੇਪ ਵਿੱਚ ਲਿਖੋ:-**

1 ਧੁਨੀ ਬੋਧ ਤੋਂ ਕੀ ਭਾਵ ਹੈ?

2 ਪੰਜਾਬੀ ਦੀ ਉਪ-ਬੋਲੀ ਮਲਵਈ ਕਿਹੜੇ ਇਲਾਕੇ ਵਿੱਚ ਬੋਲੀ ਜਾਂਦੀ ਹੈ?

3 ਪੰਜਾਬੀ ਵਿਆਕਰਨ ਕਿਸਨੂੰ ਆਖਦੇ ਹਨ?

## (ਤਿਆਰ ਕਰਤਾ : ਟੀਮ ਅੰਮ੍ਰਿਤਸਰ )

*************

********

*****

ਵਿਸ਼ਾ ਪੰਜਾਬੀ-ਬੀ, ਦੁਹਰਾਈ ਸ਼ੀਟ-10
ਜਮਾਤ-ਦਸਵੀਂ
ਮਿਤੀ-07.04.2020

# ਭਾਸ਼ਾ ਅਤੇ ਪੰਜਾਬੀ ਭਾਸ਼ਾ

8. **ਟਕਸਾਲੀ ਜਾਂ ਮਿਆਰੀ** ਪੰਜਾਬੀ ਭਾਸ਼ਾ ਕਿਸ ਨੂੰ ਕਹਿੰਦੇ ਹਨ?
**ਉੱਤਰ:- ਟਕਸਾਲੀ ਭਾਸ਼ਾ** ਇਕ ਆਦਰਸ਼ ਭਾਸ਼ਾ ਹੁੰਦੀ ਹੈ ਜੋ ਸਾਰੇ ਇਲਾਕੇ ਵਿਚ ਸਾਂਝੀ ਭਾਸ਼ਾ ਵਜੋਂ ਮਾਨਤਾ ਰੱਖਦੀ ਹੈ। ਪੰਜਾਬੀ ਦੀਆਂ ਥੋੜ੍ਹੇ-ਬਹੁਤੇ ਫ਼ਰਕ ਵਾਲੀਆਂ ਉਪਭਾਸ਼ਾਵਾਂ ਨੂੰ ਛੱਡ ਕੇ ਸਾਰੇ ਪੰਜਾਬ ਵਿਚ ਜਿਹੜੀ **ਸਰਬ-ਸਾਂਝੀ ਭਾਸ਼ਾ** ਵਰਤੀ ਜਾਂਦੀ ਹੈ, ਉਸ ਨੂੰ ਟਕਸਾਲੀ ਜਾਂ ਮਿਆਰੀ ਉਪਭਾਸ਼ਾ ਕਿਹਾ ਜਾਂਦਾ ਹੈ। **ਮਾਝੀ ਉਪਭਾਸ਼ਾ** ਨੂੰ ਪੰਜਾਬੀ ਦੀ **ਟਕਸਾਲੀ ਭਾਸ਼ਾ** ਹੋਣ ਦਾ ਮਾਣ ਪ੍ਰਾਪਤ ਹੈ।

9. ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਦੀ ਕੀ ਉਪਯੋਗਤਾ ਹੈ?
**ਉੱਤਰ:-** ਇਹ ਭਾਸ਼ਾ **ਸਰਕਾਰੀ ਪ੍ਰਬੰਧ, ਸਿੱਖਿਆ, ਸਾਹਿਤ, ਸ਼ਿਸ਼ਟਾਚਾਰ ਅਤੇ ਵਪਾਰ** ਆਦਿ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ। ਪੰਜਾਬੀ ਵਿਚ **ਸਮਾਚਾਰ-ਪੱਤਰ, ਰੇਡੀਓ, ਟੈਲੀਵੀਜ਼ਨ ਦੇ ਸਮਾਚਾਰਾਂ ਅਤੇ ਪਾਠ-ਪੁਸਤਕਾਂ** ਟਕਸਾਲੀ ਭਾਸ਼ਾ ਵਿਚ ਹੀ ਪੇਸ਼ ਕੀਤੀਆਂ ਜਾਂਦੀਆਂ ਹਨ।

11. **ਮਲਵਈ ਉਪਭਾਸ਼ਾ** ਕਿਹੜੇ-ਕਿਹੜੇ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ?
**ਉੱਤਰ:-** ਜ਼ਿਲ੍ਹਾ **ਲੁਧਿਆਣਾ, ਮੁਕਤਸਰ, ਫ਼ਰੀਦਕੋਟ, ਫ਼ਾਜ਼ਿਲਕਾ, ਮੋਗਾ, ਬਠਿੰਡਾ, ਮਾਨਸਾ, ਬਰਨਾਲਾ, ਫ਼ਿਰੋਜ਼ਪੁਰ, ਸਿਰਸਾ (ਹਰਿਆਣਾ) ,ਸੰਗਰੂਰ, ਫ਼ਤਿਹਗੜ੍ਹ ਸਾਹਿਬ** ਦਾ ਕੁਝ ਹਿੱਸਾ ਤੇ **ਪਟਿਆਲੇ** ਜ਼ਿਲ੍ਹੇ ਦਾ ਪੱਛਮੀ ਭਾਗ।

12. **ਰਾਵੀ ਅਤੇ ਬਿਆਸ** ਦਰਿਆਵਾਂ ਦੇ ਵਿਚਕਾਰ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ?
**ਉੱਤਰ:- ਰਾਵੀ ਅਤੇ ਬਿਆਸ** ਦਰਿਆਵਾਂ ਦੇ ਵਿਚਕਾਰ **ਮਾਝੀ ਉਪਭਾਸ਼ਾ** ਬੋਲੀ ਜਾਂਦੀ ਹੈ ।

6. **ਪਿਜਿਨ ਅਤੇ ਕਰੀਓਲ** ਭਾਸ਼ਾ-ਵੰਨਗੀਆਂ ਵਿਚ ਕੀ ਅੰਤਰ ਹੈ?
**ਉੱਤਰ:- ਪਿਜਿਨ** ਦਾ ਭਾਵ ਹੈ, **ਕੰਮ ਚਲਾਊ ਭਾਸ਼ਾ**। ਪਰ ਸਮਾਂ ਪਾ ਕੇ ਜੇ ਇਹੀ ਭਾਸ਼ਾ **ਸਥਾਨਿਕ ਭਾਸ਼ਾ** ਬਣ ਜਾਵੇ ਤਾਂ ਉਸ ਨੂੰ **ਕਰੀਓਲ** ਦਾ ਨਾਂ ਦਿੱਤਾ ਜਾਂਦਾ ਹੈ।

7. **ਪਿੰਗਲਿਸ਼** ਕਿਹੜੀ ਭਾਸ਼ਾ ਨੂੰ ਕਿਹਾ ਜਾਂਦਾ ਹੈ?
**ਉੱਤਰ:-** ਪੰਜਾਬੀ ਲੋਕ ਆਪਸ ਵਿੱਚ ਗੱਲਬਾਤ ਕਰਨ ਸਮੇਂ ਅੰਗਰੇਜ਼ੀ ਸ਼ਬਦਾਂ ਦੀ ਬਹੁਤਾਤ ਵਿੱਚ ਵਰਤੋਂ ਕਰਦੇ ਹਨ। ਅਜਿਹੀ **ਅੰਗਰੇਜ਼ੀਨੁਮਾ ਪੰਜਾਬੀ** ਨੂੰ **ਪਿੰਗਲਿਸ਼** ਦਾ ਨਾਂ ਦਿੱਤਾ ਜਾਂਦਾ ਹੈ।

8. ਦੱਸੋ, ਪੰਜਾਬ ਦੇ ਹੇਠ ਲਿਖੇ ਜ਼ਿਲ੍ਹਿਆਂ ਵਿਚ ਕਿਹੜੀ-ਕਿਹੜੀ ਉਪਭਾਸ਼ਾ ਵਰਤੀ ਜਾਂਦੀ ਹੈ?
ਬਠਿੰਡਾ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ, ਤਰਨਤਾਰਨ, ਗੁਰਦਾਸਪੁਰ, ਫ਼ਾਜ਼ਿਲਕਾ, ਰੂਪਨਗਰ, ਫ਼ਤਿਹਗੜ੍ਹ ਸਾਹਿਬ, ਪਟਿਆਲਾ

**ਉੱਤਰ:-** ਬਠਿੰਡਾ, ਫ਼ਾਜ਼ਿਲਕਾ- **ਮਲਵਈ**
ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ- **ਦੁਆਬੀ**
ਤਰਨਤਾਰਨ, ਗੁਰਦਾਸਪੁਰ- **ਮਾਝੀ**
ਰੂਪਨਗਰ - **ਪੁਆਧੀ**
ਫ਼ਤਿਹਗੜ੍ਹ ਸਾਹਿਬ, ਪਟਿਆਲਾ- **ਮਲਵਈ ਅਤੇ ਪੁਆਧੀ**


ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377

"ਪੜ੍ਹੋ ਪੰਜਾਬ ਪੜ੍ਹਾਓ ਪੰਜਾਬ"

ਵਿਸ਼ਾ : ਪੰਜਾਬੀ

ਜਮਾਤ:10ਵੀਂ

ਪੰਜਾਬੀ- ਬੀ ਦਾ ਪੇਪਰ ਦੇਣ ਵਾਲੇ ਵਿਦਿਆਰਥੀਆਂ ਲਈ ਦੁਹਰਾਈ ਸਮੱਗਰੀ ।

**ਹੇਠ ਲਿਖੇ ਪੱਤਰਾਂ ਨੂੰ ਯਾਦ ਕਰੋ ਅਤੇ ਆਪਣੀ ਕਾਪੀ ਤੇ ਲਿਖੋ ।**

1. ਤੁਹਾਡਾ ਛੋਟਾ ਭਰਾ ਨਸ਼ਿਆਂ ਦਾ ਸੇਵਨ ਕਰਨ ਲੱਗ ਪਿਆ ਹੈ ਉਸ ਨੂੰ ਨਸ਼ਿਆਂ ਤੋਂ ਰੋਕਣ ਲਈ ਪੱਤਰ ਲਿਖੋ ।

2. ਤੁਹਾਡਾ ਸਾਈਕਲ ਚੋਰੀ ਹੋ ਗਿਆ ਹੈ ,ਵੇਰਵੇ ਦਿੰਦੇ ਹੋਏ ਰਿਪੋਰਟ ਦਰਜ ਕਰਵਾਉਣ ਲਈ ਨੇੜੇ ਦੇ ਥਾਣੇ ਨੂੰ ਬੇਨਤੀ ਪੱਤਰ ਲਿਖੋ ।

Scanned by TapScanner

"ਪੜ੍ਹੋ ਪੰਜਾਬ ਪੜ੍ਹਾਓ ਪੰਜਾਬ"

ਵਿਸ਼ਾ : ਪੰਜਾਬੀ ਜਮਾਤ:10ਵੀਂ

ਪੰਜਾਬੀ- ਬੀ ਦਾ ਪੇਪਰ ਦੇਣ ਵਾਲੇ ਵਿਦਿਆਰਥੀਆਂ ਲਈ ਦੁਹਰਾਈ ਸਮੱਗਰੀ ।

**ਹੇਠ ਲਿਖੇ ਪੱਤਰਾਂ ਨੂੰ ਯਾਦ ਕਰੋ ਅਤੇ ਆਪਣੀ ਕਾਪੀ ਤੇ ਲਿਖੋ ।**

1. ਤੁਹਾਡਾ ਛੋਟਾ ਭਰਾ ਨਸ਼ਿਆਂ ਦਾ ਸੇਵਨ ਕਰਨ ਲੱਗ ਪਿਆ ਹੈ ਉਸ ਨੂੰ ਨਸ਼ਿਆਂ ਤੋਂ ਰੋਕਣ ਲਈ ਪੱਤਰ ਲਿਖੋ ।

2. ਤੁਹਾਡਾ ਸਾਈਕਲ ਚੋਰੀ ਹੋ ਗਿਆ ਹੈ ,ਵੇਰਵੇ ਦਿੰਦੇ ਹੋਏ ਰਿਪੋਰਟ ਦਰਜ ਕਰਵਾਉਣ ਲਈ ਨੇੜੇ ਦੇ ਥਾਣੇ ਨੂੰ ਬੇਨਤੀ ਪੱਤਰ ਲਿਖੋ ।

ਪੇਪਰ ਪੰਜਾਬੀ-ਬੀ, ਦੁਹਰਾਈ ਸ਼ੀਟ-10
ਜਮਾਤ-ਦਸਵੀਂ
ਮਿਤੀ-07.04.2020

# ਭਾਸ਼ਾ ਅਤੇ ਪੰਜਾਬੀ ਭਾਸ਼ਾ

8. **ਟਕਸਾਲੀ ਜਾਂ ਮਿਆਰੀ** ਪੰਜਾਬੀ ਭਾਸ਼ਾ ਕਿਸ ਨੂੰ ਕਹਿੰਦੇ ਹਨ?
**ਉੱਤਰ:- ਟਕਸਾਲੀ ਭਾਸ਼ਾ** ਇੱਕ ਆਦਰਸ਼ ਭਾਸ਼ਾ ਹੁੰਦੀ ਹੈ ਜੋ ਸਾਰੇ ਇਲਾਕੇ ਵਿੱਚ ਸਾਂਝੀ ਭਾਸ਼ਾ ਵਜੋਂ ਮਾਨਤਾ ਰੱਖਦੀ ਹੈ। ਪੰਜਾਬੀ ਦੀਆਂ ਥੋੜ੍ਹੇ-ਬਹੁਤੇ ਫ਼ਰਕ ਵਾਲੀਆਂ ਉਪਭਾਸ਼ਾਵਾਂ ਨੂੰ ਛੱਡ ਕੇ ਸਾਰੇ ਪੰਜਾਬ ਵਿੱਚ ਜਿਹੜੀ **ਸਰਬ-ਸਾਂਝੀ ਭਾਸ਼ਾ** ਵਰਤੀ ਜਾਂਦੀ ਹੈ, ਉਸ ਨੂੰ ਟਕਸਾਲੀ ਜਾਂ ਮਿਆਰੀ ਉਪਭਾਸ਼ਾ ਕਿਹਾ ਜਾਂਦਾ ਹੈ। **ਮਾਝੀ ਉਪਭਾਸ਼ਾ** ਨੂੰ ਪੰਜਾਬੀ ਦੀ **ਟਕਸਾਲੀ ਭਾਸ਼ਾ** ਹੋਣ ਦਾ ਮਾਣ ਪ੍ਰਾਪਤ ਹੈ।

9. ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਦੀ ਕੀ ਉਪਯੋਗਤਾ ਹੈ?
**ਉੱਤਰ:-** ਇਹ ਭਾਸ਼ਾ **ਸਰਕਾਰੀ ਪ੍ਰਬੰਧ, ਸਿੱਖਿਆ, ਸਾਹਿਤ, ਸੱਭਿਆਚਾਰ ਅਤੇ ਵਪਾਰ** ਆਦਿ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ। ਪੰਜਾਬੀ ਵਿੱਚ **ਸਮਾਚਾਰ-ਪੱਤਰ, ਰੇਡੀਓ, ਟੈਲੀਵੀਜ਼ਨ ਦੇ ਸਮਾਚਾਰਾਂ ਅਤੇ ਪਾਠ-ਪੁਸਤਕਾਂ** ਟਕਸਾਲੀ ਭਾਸ਼ਾ ਵਿੱਚ ਹੀ ਪੇਸ਼ ਕੀਤੀਆਂ ਜਾਂਦੀਆਂ ਹਨ।

11. **ਮਲਵਈ ਉਪਭਾਸ਼ਾ** ਕਿਹੜੇ-ਕਿਹੜੇ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ?
**ਉੱਤਰ:-** ਜ਼ਿਲ੍ਹਾ **ਲੁਧਿਆਣਾ, ਮੁਕਤਸਰ, ਫ਼ਰੀਦਕੋਟ, ਫ਼ਾਜ਼ਿਲਕਾ, ਮੋਗਾ, ਬਠਿੰਡਾ, ਮਾਨਸਾ, ਬਰਨਾਲ਼ਾ, ਫ਼ਿਰੋਜ਼ਪੁਰ, ਸਿਰਸਾ (ਹਰਿਆਣਾ) ,ਸੰਗਰੂਰ, ਫ਼ਤਿਹਗੜ੍ਹ ਸਾਹਿਬ** ਦਾ ਕੁਝ ਹਿੱਸਾ ਤੇ **ਪਟਿਆਲ਼ੇ** ਜ਼ਿਲ੍ਹੇ ਦਾ ਪੱਛਮੀ ਭਾਗ।

12. **ਰਾਵੀ ਅਤੇ ਬਿਆਸ** ਦਰਿਆਵਾਂ ਦੇ ਵਿਚਕਾਰ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ?
**ਉੱਤਰ:- ਰਾਵੀ ਅਤੇ ਬਿਆਸ** ਦਰਿਆਵਾਂ ਦੇ ਵਿਚਕਾਰ **ਮਾਝੀ ਉਪਭਾਸ਼ਾ** ਬੋਲੀ ਜਾਂਦੀ ਹੈ ।

6. **ਪਿਜ਼ਿਨ ਅਤੇ ਕਰੀਓਲ** ਭਾਸ਼ਾ-ਵੰਨਗੀਆਂ ਵਿੱਚ ਕੀ ਅੰਤਰ ਹੈ?
**ਉੱਤਰ:- ਪਿਜ਼ਿਨ** ਦਾ ਭਾਵ ਹੈ, **ਕੰਮ ਚਲਾਊ ਭਾਸ਼ਾ**। ਪਰ ਸਮਾਂ ਪਾ ਕੇ ਜੇ ਇਹੀ ਭਾਸ਼ਾ **ਸਥਾਨਿਕ ਭਾਸ਼ਾ** ਬਣ ਜਾਵੇ ਤਾਂ ਉਸ ਨੂੰ **ਕਰੀਓਲ** ਦਾ ਨਾਂ ਦਿੱਤਾ ਜਾਂਦਾ ਹੈ।

7. **ਪਿੰਗਲਿਸ਼** ਕਿਹੜੀ ਭਾਸ਼ਾ ਨੂੰ ਕਿਹਾ ਜਾਂਦਾ ਹੈ?
**ਉੱਤਰ:-** ਪੰਜਾਬੀ ਲੋਕ ਆਪਸ ਵਿੱਚ ਗੱਲਬਾਤ ਕਰਨ ਸਮੇਂ ਅੰਗਰੇਜ਼ੀ ਸ਼ਬਦਾਂ ਦੀ ਬਹੁਤਾਤ ਵਿੱਚ ਵਰਤੋਂ ਕਰਦੇ ਹਨ। ਅਜਿਹੀ **ਅੰਗਰੇਜ਼ੀਨੁਮਾ ਪੰਜਾਬੀ** ਨੂੰ **ਪਿੰਗਲਿਸ਼** ਦਾ ਨਾਂ ਦਿੱਤਾ ਜਾਂਦਾ ਹੈ।

8. ਦੱਸੋ, ਪੰਜਾਬ ਦੇ ਹੇਠ ਲਿਖੇ ਜ਼ਿਲ੍ਹਿਆਂ ਵਿੱਚ ਕਿਹੜੀ-ਕਿਹੜੀ ਉਪਭਾਸ਼ਾ ਵਰਤੀ ਜਾਂਦੀ ਹੈ?
ਬਠਿੰਡਾ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ, ਤਰਨਤਾਰਨ, ਗੁਰਦਾਸਪੁਰ, ਫ਼ਾਜ਼ਿਲਕਾ, ਰੂਪਨਗਰ, ਫ਼ਤਿਹਗੜ੍ਹ ਸਾਹਿਬ, ਪਟਿਆਲ਼ਾ

**ਉੱਤਰ:-** ਬਠਿੰਡਾ, ਫ਼ਾਜ਼ਿਲਕਾ- **ਮਲਵਈ**
ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ- **ਦੁਆਬੀ**
ਤਰਨਤਾਰਨ, ਗੁਰਦਾਸਪੁਰ- **ਮਾਝੀ**
ਰੂਪਨਗਰ - **ਪੁਆਧੀ**
ਫ਼ਤਿਹਗੜ੍ਹ ਸਾਹਿਬ, ਪਟਿਆਲ਼ਾ- **ਮਲਵਈ ਅਤੇ ਪੁਆਧੀ**

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377